# 2024 ਦਾ ਵਰ੍ਹਾ ਹਾਊਸਿੰਗ ਅਤੇ ਵਿਕਾਸ ਲਈ ਰਿਕਾਰਡ ਤੋੜ ਰਿਹਾ

ਸਿਟੀ ਆਫ ਸਰੀ ਨੇ 6,000 ਤੋਂ ਵੱਧ ਨਵੇਂ ਹਾਊਸਿੰਗ ਯੂਨਿਟ ਜਾਰੀ ਕਰ $2.8 ਬਿਲੀਅਨ ਤੋਂ ਵੱਧ ਮੁੱਲ ਦੀ ਉਸਾਰੀ ਪੈਦਾ ਕੀਤੀ

*ਤੁਰੰਤ ਰਿਲੀਜ਼: 14 ਜਨਵਰੀ, 2025*

**ਸਰੀ, ਬੀ.ਸੀ.** - ਸਿਟੀ ਆਫ਼ ਸਰੀ ਨੇ 2024 ਵਿੱਚ 6,297 ਬਿਲਕੁੱਲ ਨਵੇਂ ਹਾਊਸਿੰਗ ਯੂਨਿਟ ਪਾਸ ਕਰ ਅਤੇ $2.8 ਬਿਲੀਅਨ ਤੋਂ ਵੱਧ ਮੁੱਲ ਦੀ ਉਸਾਰੀ ਗਤੀਵਿਧੀਆਂ ਪੈਦਾ ਕਰਕੇ, ਇੱਕ ਨਵਾਂ ਰਿਕਾਰਡ ਕਾਇਮ ਕੀਤਾ। ਇਹ 2019 ਵਿੱਚ ਜਾਰੀ ਕੀਤੇ ਗਏ 5,932 ਹਾਊਸਿੰਗ ਯੂਨਿਟਾਂ ਦੇ ਸਿਟੀ ਦੇ ਪਿਛਲੇ ਰਿਕਾਰਡ ਨੂੰ ਪਾਰ ਕਰਦਾ ਹੈ।

"ਇਹ ਪਹਿਲੀ ਵਾਰ ਹੈ, ਜਦੋਂ ਸਰੀ ਸ਼ਹਿਰ ਨੇ 6,000 ਰਿਹਾਇਸ਼ੀ ਯੂਨਿਟਾਂ ਨੂੰ ਪਾਰ ਕੀਤਾ ਹੈ," ਮੇਅਰ ਬਰੈਂਡਾ ਲੌਕ ਨੇ ਕਿਹਾ। "ਉੱਚੀਆਂ ਵਿਆਜ ਦਰਾਂ, ਲੇਬਰ ਚੁਣੌਤੀਆਂ ਅਤੇ ਨਰਮ ਪ੍ਰੀ-ਸੇਲ ਹੋਣ ਦੇ ਬਾਵਜੂਦ, 2024 ਵਿੱਚ ਸਰੀ 'ਚ $2.8 ਬਿਲੀਅਨ ਡਾਲਰ ਦੀ ਉਸਾਰੀ ਗਤੀਵਿਧੀ ਹੋਈ। ਸਾਡੀ ਲੈਂਡ ਡਿਵੈਲਪਮੈਂਟ ਨੂੰ ਸੁਚਾਰੂ ਬਣਾਉਣ ਅਤੇ ਪ੍ਰਵਾਨਗੀਆਂ ਦੇਣ ਲਈ, ਸਾਡੇ ਸਟਾਫ਼ ਵੱਲੋਂ ਕੀਤੇ ਗਏ ਕੰਮ 'ਤੇ ਮੈਨੂੰ ਮਾਣ ਹੈ। ਕੌਂਸਲ ਦੀ ਵਧੇਰੇ ਰਿਹਾਇਸ਼ ਪ੍ਰਦਾਨ ਕਰਨ ਦੀ ਵਚਨਬੱਧਤਾ 2025 ਵੀ ਜਾਰੀ ਰਹੇਗੀ, ਕਿਉਂਕਿ ਅਸੀਂ ਸਿਟੀ ਦੀ ਪਰਮਿਟ ਮੰਨਜ਼ੂਰੀ ਪ੍ਰਕਿਰਿਆ ਵਿੱਚ ਲਗਾਤਾਰ ਸੁਧਾਰ ਕਰਕੇ, ਇਸਨੂੰ ਵਧੇਰੇ ਕਾਰਗਰ ਬਣਾਉਣ ਲਈ ਕੰਮ ਜਾਰੀ ਰੱਖਾਂਗੇ।"

ਖਾਸ ਤੌਰ 'ਤੇ, ਹਾਊਸਿੰਗ ਐਕਸਲੇਟਰ ਫੰਡ (HAF) ਦੁਆਰਾ 2024 ਵਿੱਚ ਦੋ ਡਿਵੈਲਪਮੈਂਟ ਇੰਸੈਂਟਿਵ ਪ੍ਰੋਗਰਾਮ ਸ਼ੁਰੂ ਕੀਤੇ ਗਏ ਸਨ, ਜਿਨ੍ਹਾਂ ਨੇ 2,560 ਹਾਊਸਿੰਗ ਯੂਨਿਟਾਂ ਤੋਂ ਵੱਧ ਯੋਗਦਾਨ ਪਾਇਆ ਸੀ। ਰੈਪਿਡ ਟ੍ਰਾਂਜ਼ਿਟ ਇੰਸੈਂਟਿਵ ਪ੍ਰੋਗਰਾਮ ਨੇ 2,380 ਯੂਨਿਟਾਂ ਨੂੰ ਤੇਜ਼ ਕੀਤਾ ਅਤੇ ਗੈਰ-ਮਾਰਕੀਟ ਇੰਸੈਂਟਿਵ ਪ੍ਰੋਗਰਾਮ ਨੇ 180 ਮਾਰਕੀਟ ਰੇਟ ਤੋਂ ਹੇਠਲੇ ਰੈਂਟਲ ਯੂਨਿਟਾਂ ਨੂੰ ਅੱਗੇ ਵਧਾਇਆ। ਇੰਸੈਂਟਿਵ ਪ੍ਰੋਗਰਾਮਾਂ ਤੋਂ ਇਲਾਵਾ, ਹਾਊਸਿੰਗ ਪਰਮਿਟ ਪ੍ਰਵਾਨਗੀਆਂ ਨੂੰ ਸੁਚਾਰੂ ਬਣਾਉਣ ਲਈ ਮੁੱਖ ਪ੍ਰਕਿਰਿਆ ਸੁਧਾਰਾਂ ਨੂੰ ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਸ਼ਾਮਲ ਹਨ:

- **ਹਾਊਸਪਲੈਕਸਸ ਦੇ ਵਿਕਾਸ ਲਈ ਪਰਮਿਟ ਪ੍ਰਕਿਰਿਆ** ਨੂੰ ਸੌਖਾਲਾ ਬਣਾਉਣ ਦੇ ਨਾਲ ਤੇਜ਼ੀ ਨਾਲ ਮਨਜ਼ੂਰੀਆਂ ਦੇਣਾ ਤੇ ਫੀਸ ਘਟਾਉਣਾ ।
- **ਇੱਕ ਪਾਇਲਟ ਪ੍ਰੋਗਰਾਮ, ਰੀਜੋਨਿੰਗ ਅਤੇ ਡਿਵੈਲਪਮੈਂਟ ਪਰਮਿਟ** ਜਾਰੀ ਕਰਨ ਦੇ ਅੰਤਮ ਨਿਰਣੇ ਤੋਂ ਪਹਿਲਾਂ ਖੁਦਾਈ ਬਿਲਡਿੰਗ ਪਰਮਿਟ ਜਾਰੀ ਕਰਨ ਦੀ ਇਜਾਜ਼ਤ ।
- **ਪਾਇਲਟ ਪ੍ਰੋਗਰਾਮ ਰਾਹੀਂ, ਉਨਾਂ ਨਵੇਂ ਘਰਾਂ ਲਈ ਛੇਤੀ ਪਰਮਿਟ ਸਬਮਿਟ** ਕਰਨ ਲਈ ਸਹੂਲਤ ਹੋਵੇਗੀ, ਜੋ ਸ਼ੁਰੂਆਤੀ ਲੇਆਊਟ ਪ੍ਰਵਾਨਗੀ ਪ੍ਰਕਿਰਿਆ ਤੋਂ ਬਾਅਦ ਅਤੇ ਅੰਤਮ ਸਬ -ਡਿਵੀਜਨ ਤੋਂ ਪਹਿਲਾਂ, ਜਮ੍ਹਾ ਕੀਤੇ ਜਾਣਗੇ ਤਾਂ ਜੋ ਬਿਲਡਿੰਗ ਪਰਮਿਟ ਦਾ ਸਮਾਂ ਘਟਾਇਆ ਜਾ ਸਕੇ ।

2024 ਦੀਆਂ ਸਫਲਤਾਵਾਂ ਦਾ ਜਸ਼ਨ ਮਨਾਉਂਦੇ ਹੋਏ, ਸਿਟੀ 2025 ਲਈ ਨਿਰਧਾਰਤ ਕੀਤੇ ਗਏ ਬਹੁਤ ਸਾਰੇ ਯੋਜਨਾਬੱਧ ਸੁਧਾਰਾਂ ਦੇ ਨਾਲ ਵਿਕਾਸ ਨੂੰ ਸੁਚਾਰੂ ਬਣਾਉਂਨ ਲਈ ਵਚਨਬੱਧ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਰੀ ਸ਼ਹਿਰ ਰਹਿਣ, ਕੰਮ ਕਰਨ, ਅਤੇ ਖੇਡਣ ਲਈ ਉੱਤਮ ਸ਼ਹਿਰ ਬਣਿਆ ਰਹੇ।

ਸਰੀ ਵਿੱਚ ਹੋ ਰਹੀ ਡਿਵੈਲਪਮੈਂਟ ਅਤੇ ਪਰਮਿਟ ਸੁਧਾਰਾਂ ਬਾਰੇ ਜਾਣਨ ਲਈ, ਸਿਟੀ ਦੀ **ਵੈੱਬਸਾਈਟ** 'ਤੇ ਜਾਓ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ
ਸਿਟੀ ਆਫ ਸਰੀ
prabhjot.kahlon@surrey.ca
C :236-878-6263